International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

# ਗਦਰ ਲਹਿਰ ਦੀ ਕਵਿਤਾ

**ਰਾਜ ਕੁਮਾਰ**

*Assistant Professor, P.G. Deptt of History, Dev Samaj College for Women, Ferozepur City, Punjab*

***ਸੁਖਦੀਪ ਕੌਰ***

*Student, M.A. II, P. G Deptt of History, Dev Samaj College for Women, Ferozepur City, Punjab, India.*

**Abstract**

*ਗਦਰ ਲਹਿਰ ਗੁਲਾਮ ਭਾਰਤ ਨੂੰ ਅੰਗਰੇਜ਼ਾ ਤੋਂ ਆਜ਼ਾਦ ਕਰਵਾਉਣ ਦੇ ਉਦੇਸ਼ ਨਾਲ ਬਣਾਇਆ ਇੱਕਸੀ ਇਸਨੂੰ ਅਮਰੀਕਾ ਅਤੇ ਕਨੇਡਾਂ ਦੇ ਭਾਰਤੀਆ ਨੇ 1913 ਵਿੱਚ ਬਣਾਇਆ ਸੀ। ਇਸ ਨੂੰ ਪ੍ਰਸ਼ਾਂਤ ਤਟ ਦੀ ਹਿੰਦੀ **ਅਓਸਿਐਸਨ** ਵੀ ਕਿਹਾ **ਜਾਂਦਾ** ਸੀ। **ਇਸ** ਸੰਗਠਨ **ਦੁਆਰਾ ਇਕ ਰਸਾਲਾ ਵੀ ਕਢਿਆ ਗਿਆ ਜਿਸ ਦੇ ਨਾਮ ਨਾਲ ਗਦਰ ਪਾਰਟੀ ਦਾ ਜਨਮ ਹੋਇਆ। ਇਹ ਰਸਾਲਾ** ਉਰਦੂ, ਪੰਜਾਬੀ ,ਗੁਜਰਾਤੀ , ਬੰਗਾਲੀ, **ਅੰਗਰੇਜ਼ੀ** ਆਦਿ ਕਈ ਭਾਸ਼ਾਵਾਂ **ਵਿਚ ਛਪਦਾ** ਸੀ। **ਪਹਲੇ** ਵਿਸ਼ਵ ਯੁੱਧ ਦੇ ਛਿੜਦੇ ਹੀ ਜਦੋ ਭਾਰਤ ਦੇ ਹੋਰ ਦਲ ਅੰਗਰੇਜ਼ਾ ਨੂੰ ਸਹਿਯੋਗ ਦੇ ਰਹੇ ਸਨ ਤਾਂ ਗਦਰੀਆ ਨੇ ਅੰਗਰੇਜੀ ਰਾਜ ਦੇ ਵਿਰੁੱਧ ਜੰਗ ਘੋਸ਼ਿਤ ਕਰ ਦਿੱਤੀ ਸੀ। ਗਦਰ ਪਾਰਟੀ ਦੇ ਇਤਿਹਾਸ ਵਿਚ ਗ਼ਦਰ ਕਵਿਤਾਂ ਵਿਸ਼ੇਸ ਸਥਾਨ ਰੱਖਦੀ ਹੈ। ਗਦਰ ਕਵਿਤਾਂ ਜਾ ਗ਼ਦਰ ਗੂੰਜਾਂ ਰਾਹੀ ਗਦਰੀ ਕਵੀਆਂ ਨੇ ਭਾਰਤੀਆਂ ਨੂੰ ਅੰਗਰੇਜੀ ਰਾਜ ਦੇ ਦੁਆਰਾ ਭਾਰਤੀਆਂ ਦੀ ਕੀਤੀ ਲੁੱਟ ਬਾਰੇ ਜਾਣੂ ਕਰਵਾਇਆ। ਗਦਰ ਕਵਿਤਾ ਰਾਹੀ ਭਾਰਤ ਦੀ ਗੁਲਾਮੀ ਨੂੰ ਦੂਰ ਕਰਨ ਲਈ ਭਾਰਤੀਆਂ ਨੂੰ ਅੱਗੇ ਆਉਣ ਤੇ ਅੰਗੇਰਜ਼ ਸਰਕਾਰ ਨੂੰ ਭਾਰਤ ਤੋਂ ਕੱਢਣ ਲਈ ਪ੍ਰੇਰਿਤ ਕੀਤਾ ਗਿਆ ਪਹਿਲੇ ਵਿਸ਼ਵ ਯੁੱਧ ਵਿੱਚ ਭਾਰਤੀ ਫੋਜੀਆਂ ਨੂੰ ਅੰਗਰੇਜ਼ਾ ਲਈ ਨਾ ਲੜਨ ਲਈ ਪ੍ਰੇਰਿਤ ਕੀਤਾ ਗਿਆਂ। **ਇਹ ਪੈਪਰ ਵਿੱਚ ਮੈਂ ਗਦਰ** ਲਹਿਰ **ਰਾਹੀਂ ਭਾਰਤ ਦੀ ਗੁਲਾਮੀ ਲਈ ਕੀਤੇ ਗਏ ਸੰਗਰਸ਼ ਅਤੇ ਗਦਰ ਪੈਪਰ ਵਿਚ ਛਪਣ ਵਾਲੀਆਂ ਕਵਿਤਾਵਾਂ ਨੂੰ ਲਿਖਣ ਦੀ ਕੋਸ਼ਿਸ ਕੀਤੀ ਹੈ। ਇਸ ਪੈਪਰ ਰਾਹੀਂ ਮੈਂ ਪਾਠਕਾਂ ਨੂੰ ਇਹ ਦਸਣਾ ਚੁਹੰਦੀ ਹਾਂ ਕੇ ਕਿਦਾਂ ਗਦਰ ਕਵਿਤਾ ਨੇ ਭਾਰਤੀਆਂ ਨੂੰ ਅੰਗਰੇਜ਼ੀ ਰਾਜ ਦੀ ਗੁਲਾਮੀ ਤੇ ਲੁਟ ਤੋਂ ਜਾਣੂ ਕਰਵਾਇਆ।***

**Main words : ਗਦਰ ਲਹਿਰ, ਅਜ਼ਾਦੀ, ਕਵਿਤਾ, ਅੰਗਰੇਜ਼ੀ ਰਾਜ, ਗੁਲਾਮੀ।**

## Introduction

ਗਦਰ ਲਹਿਰ ਨੇ **ਭਾਰਤ** ਦੇ ਇਤਿਹਾਸ ਤੇ ਡੂੰਘਾ ਪ੍ਰਭਾਵ ਪਾਇਆਂ ਤੇ ਲੋਕਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕੀਤਾ। ਇਸ ਲਹਿਰ ਨੇ ਦੇਸ਼ ਵਾਸੀਆਂ ਨੂੰ ਧਰਮ ਤੇ ਫਿਰਕੂ ਵਿਖਰੇਵੇ ਤੋਂ ਉੱਪਰ ਉੱਠਕੇ ਦੇਸ ਦੀ ਅਜ਼ਾਦੀ ਲਈ ਭਾਰਤੀਆਂ ਵਿੱਚ ਰਾਸ਼੍ਟਰੀ ਪ੍ਰੇਮ ਅਤੇ ਏਕਤਾ ਦੀ ਭਾਵਨਾਂ ਪੈਦਾ ਕੀਤੀ। ਗਦ਼ਰ ਲਹਿਰ ਦੇ ਇਤਿਹਾਸ ਵਿਚ ਗਦ਼ਰ ਲਹਿਰ ਦੀ ਕਵਿਤਾਂ ਦੀ ਵਿਸ਼ੇਸ਼ ਮਹੱਤਤਾ ਹੈ।[1] ਇਹਨਾਂ ਕਵਿਤਾਵਾਂ ਰਾਹੀ ਗਦ਼ਰੀ **ਕ੍ਰਾਤੀਕਾਰੀਆਂ** ਨੇ ਭਾਰਤੀਆਂ ਅੰਦਰ ਅੰਗਰਜ਼ੀ ਸਰਕਾਰ ਦੇ ਖਿਲਾਫ ਰਾਸ਼ਟਰੀ ਚੇਤਨਾ ਪੈਦਾ ਕੀਤੀ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ। ਪੰਜਾਬੀਆਂ ਨੂੰ ਆਰਥਿਕ ਤੰਗੀ ਦੇ ਕਾਰਨ ਪਰਾਏ ਮੁਲਕਾਂ ਵਿੱਚ ਰੋਜ਼ੀ ਰੋਟੀ ਦੀ ਭਾਲ ਲਈ ਨਿਕਲਣਾ ਪਿਆ ਜਿੱਥੇ ਉਹਨਾਂ ਨਾਲ ਘ੍ਰਿਣਾ ਭਰੀ ਮਲੂਕ ਕੀਤਾ ਗਿਆ ਤੇ ਅਪਮਾਨਿਤ ਭਰੀ ਸ਼ਬਦ ਕਿਹੇ ਗਏ। ਗ਼ਦਰ ਲਹਿਰ ਵਿਚ ਏਕਤਾ ਪਹਿਲਾ ਪ੍ਰਣਾਮ ਸੀ।[2] ਜਿਸ ਵਿਚ ਸਾਰੇ

1 ਕੇਸਰ ਸਿੰਘ ਨਾਵਲਕਾਰ, *ਗਦਰ ਲਹਿਰ ਦੀ ਕਵਿਤਾ*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 1995, ਪੰਨਾ- 105.

2 ਭਗਵਾਨ ਸਿੰਘ, *ਗਦਰੀ ਗੂੰਜਾਂ*, ਲਾਹੌਰ ਬੁਕ ਸ਼ੋਪ, ਲੁਧਿਆਣਾ, 2002, ਪੰਨਾ- 45.

ਧਰਮ **ਤੇ** ਵਰਗ ਦੇ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ **ਲਿਆ**। ਗ਼ਦਰ ਲਹਿਰ ਦੇ ਆਗੂਆਂ ਦਾ ਉਦੇਸ਼ ਭਾਰਤੀਆਂ ਦੇ ਦਿਲਾਂ ਅੰਦਰ ਅੰਗਰੇਜ਼ਾ ਪ੍ਰਤੀ ਨਫਰਤ ਪੈਦਾ ਕਰਨੀ ਸੀ । ਇਸ ਲਈ ਇਹਨਾਂ ਦੀ ਕਵਿਤਾਵਾਂ ਵਿੱਚ ਹਰ ਇਕ ਸ਼ਬਦ ਬਗਾਵਤ ਨਾਲ **ਭਰਿਆ ਹੁੰਦਾ ਸੀ। ਓਹ ਗਦਰ** ਪੱਤਰ ਦੇ ਪਹਿਲੇ ਪੰਨੇ ਤੇ ਇਕ ਵਾਕ ਲਿਖਿਆ ਕਰਦੇ ਸੀ :-

"ਜੇ ਤਉ ਪ੍ਰੇਮ ਖੇਲਨ ਦਾ ਚਾਉ
ਸਿਰ ਧਰ ਤਲੀ ਗਲੀ ਮੋਰੀ ਆਉ"[3]

**ਗਦਰ ਲਹਿਰ ਦੀ ਕਵਿਤਾ:-** ਗਦਰ ਲਹਿਰ ਨੂੰ ਵਧਾਉਣ ਵਿਚ ਪੰਜਾਬੀ ਕਵੀਆਂ ਦਾ ਬਹੁਤ ਵੱਡਾ ਯੋਗਦਾਨ ਸੀ। ਕਵਿਤਾ ਸਾਹਿਤ ਦਾ ਇਕ ਅਜਿਹਾ ਰੂਪ ਹੈ ਜੋ ਪ੍ਰਭਾਵਸ਼ਾਲੀ ਅਸਰ ਪਾਉਂਦਾ ਹੈ। ਕਵਿਤਾ ਮਨੁੱਖ ਦੀ ਸੁੱਤੀ ਹੋਈ ਸ਼ਕਤੀ ਨੂੰ ਜਗਾ ਕੇ ਉਸ ਵਿਚ ਜ਼ੋਸ਼ ਭਰ ਦਿੰਦੀ ਹੈ। ਇਹ ਜ਼ੋਸ਼ ਭਰੀਆਂ ਕਵਿਤਾਂਵਾਂ ਮਨੁੱਖ ਦੇ ਦਿਲ ਨੂੰ ਟੁੰਬਦੀਆਂ ਤੇ ਜੋਸ਼ **ਭਰਦੀਆਂ** ਸਨ ਜੋ ਮੁਰਦੇ ਦਿਲਾਂ ਨੂੰ ਜਿੰਦਾ ਕਰਕੇ ਦੇਸ਼ ਭਗਤੀ ਦੀ ਜਵਾਲਾ ਭੜਕਾ ਦਿੰਦੀਆਂ ਹਨ। **ਇਹ** ਕਵਿਤਾਵਾਂ ਸੁਣ ਕੇ ਲੋਕ ਆਪਣੇ ਦੇਸ਼ **ਖਾਤਰ** ਮਰ ਮਿਟਣ ਲਈ ਤਿਆਰ ਹੋ ਜਾਂਦੇ ਸਨ। ਲੋਕਾਂ ਨੇ ਕੁਰਬਾਨੀਆਂ ਕਰਨ ਦੀ ਸੁਤੰਤਰਤਾ ਲਹਿਰ ਵਿਚ ਬੇਮਿਸਾਲ ਹਿੱਸਾ ਪਾਇਆ ਸੀ। ਗਦਰ ਲਹਿਰ ਨੂੰ ਪੈਦਾ ਕਰਨ ਵਿਚ ਬਹੁਤ ਸਾਰੇ ਬੁੱਧੀਮਾਨ ਕਵੀਆਂ ਦਾ ਹੱਥ ਸੀ। ਗਦਰ ਲਹਿਰ ਦੇ ਇਹ ਕਵੀ ਭਾਵੇਂ ਬਹੁਤ ਪੜੇ ਲਿਖੇ ਨਹੀਂ ਸਨ ਪਰ ਉਹਨਾਂ ਦੀਆਂ ਕਵਿਤਾਂਵਾਂ ਵਿਚ ਦਿੱਤੀਆਂ ਦਲੀਲਾਂ ਲੋਕਾਂ ਤੇ ਬਹੁਤ ਅਸਰ ਕਰਦੀਆਂ ਸਨ ਕਿਉਂਕਿ ਇਹ ਕਵਿਤਾਂਵਾਂ ਕਵੀਆਂ ਦੇ ਹਿਰਦਿਉਂ ਨਿਕਲਦੀਆਂ ਸਨ। ਇਸ ਲਈ ਇਹਨਾਂ ਨੇ ਲੋਕਾਂ ਵਿਚ ਚੇਤੰਨਤਾ ਭਰਨ ਵਿਚ ਬਹੁਤ ਮਹੱਤਵਪੂਰਨ ਕੰਮ ਕੀਤਾ।[4]

**ਗਦਰ ਕਵਿਤਾ ਦਾ ਉਦੇਸ਼ :-** ਗਦਰ ਗੂੰਜ਼ਾਂ ਦਾ ਉਦੇਸ਼ ਲੋਕਾਂ ਵਿਚ ਰਾਸ਼ਟਰੀ ਚੇਤੰਨਤਾ ਪੈਦਾ ਕਰਨੀ **ਸੀ। ਭਾਰਤੀਆਂ** ਨੂੰ **ਗੁਲਾਮੀ ਦਾ ਇਹਸਾਸ** ਉਦੋਂ ਹੋਇਆ ਜਦੋਂ ਉਹ ਆਰਥਿਕ ਤੰਗੀ ਦੇ ਕਾਰਨ ਪਰਾਏ ਮੁਲਕਾਂ ਵਿਚ ਰੋਟੀ ਦੀ ਭਾਲ ਵਿਚ ਗਏ। ਉਥੇ ਉਹਨਾਂ ਨਾਲ ਸਥਾਨਕ ਵਾਸੀਆਂ ਵੱਲੋਂ ਵੀ ਘ੍ਰਿਣਾ ਭਰਿਆ ਸਲੂਕ ਕੀਤਾ ਗਿਆ। ਉਹਨਾਂ ਨੂੰ ਅਪਮਾਨ ਭਰੇ ਸ਼ਬਦ ਸੁਨਣੇ ਪਏ। ਪੰਜਾਬੀ ਜੁੱਸੇ ਦੇ ਤਕੜੇ ਹੋਣ ਕਰਕੇ ਚੀਨੀ, ਜਪਾਨੀ ਅਤੇ ਅੰਗਰੇਜ਼ ਮਜ਼ਦੂਰਾਂ ਨਾਲੋਂ ਜਿਆਦਾ ਕੰਮ ਕਰਦੇ ਸੀ। ਭਾਰਤੀਆਂ ਦਾ ਇਹ ਮਿਹਨਤੀ ਸੁਭਾਅ ਵੀ ਉਹਨਾਂ ਨੂੰ ਹਰਮਨ-ਪਿਆਰਾ ਨਾ ਬਣਾ ਸਕਿਆ। ਭਾਰਤੀ ਮਜ਼ਦੂਰਾਂ ਦੀ ਗਿਣਤੀ ਵਧਣ ਕਰਕੇ ਉੱਥੋਂ ਦੇ ਮਜ਼ਦੂਰਾਂ ਵਿਚ ਈਰਖਾਲੂ ਭਾਵਨਾਵਾਂ ਹੋਰ ਉਤੇਜਿਤ ਹੋ ਗਈਆਂ। ਉਹ ਭਾਰਤੀ ਮਜ਼ਦੂਰਾਂ ਦੇ ਟਿਕਾਣਿਆਂ ਤੇ ਰਾਤ ਨੂੰ ਲੁੱਟ-ਮਾਰ ਕਰਦੇ ਤੇ ਕੁੱਟ-ਕੁੱਟ ਕੇ ਦੂਰ ਦੁਰਾਡੇ ਛੱਡ ਆਉਂਦੇ। ਭਾਰਤੀਆਂ ਦੇ ਪ੍ਰਤੀ-ਨਿਧੀਆਂ ਨੇ ਅੰਗਰੇਜ਼ ਅਧਿਕਾਰੀਆਂ ਅੱਗੇ ਮਿੰਨਤਾਂ ਕਰਦੇ ਪ੍ਰੰਤੂ ਕੋਈ ਨਾ ਸੁਣਦਾ। ਇਸ ਗੁਲਾਮੀ ਦਾ ਤੀਬਰ ਅਹਿਸਾਸ ਉਹਨਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦਾ। ਕੀ ਉਹ ਪਰਾਏ ਮੁਲਕਾਂ ਵਿਚ ਥਾਂ-ਥਾਂ ਧੱਕੇ ਖਾ ਰਹੇ ਸਨ। ਜੇਕਰ ਉਹਨਾਂ ਨੇ ਪਰਾਏ ਮੁਲਕਾਂ ਵਿਚ ਧੱਕੇ ਹੀ ਖਾਣੇ ਸਨ ਤਾਂ ਘਿਫਰ ਕਿਉਂ ਪਰਾਏ ਮੁਲਕਾਂ ਵਿਚ ਆਏ ਤਾਂ ਉਹਨਾਂ ਦੀ ਆਤਮਾ ਤੋਂ ਇਹ ਉੱਤਰ ਮਿਲਦਾ ਹੈ। ਹੱਡ ਭੰਨਣ ਦੇ ਬਾਵਜੂਦ ਵੀ ਉਹਨਾਂ ਨੂੰ ਪੂਰੀ ਮਜ਼ਦੂਰੀ ਨਹੀਂ ਸੀ ਮਿਲਦੀ। ਸਗੋਂ ਝਿੜਕਾਂ ਤੇ ਗਾਲ੍ਹਾਂ ਹੀ ਉਹਨਾਂ ਦੇ ਪੱਲੇ ਪੈਂਦੀਆਂ। ਉਹਨਾਂ ਵਿਚ ਬੇਸ਼ਰਮੀ ਤੇ ਹੀਨਤਾ ਦੀ ਭਾਵਨਾ ਭਰ ਜਾਂਦੀ। ਕਵੀ ਨੇ ਇਹਨਾਂ ਦਰਦ ਭਰੇ ਹਲਾਤਾਂ ਦਾ ਵਰਣਨ ਕਰਦੇ ਹੋਇਆਂ ਲਿਖਿਆ ਹੈ ਕਿ:-

ਪੈਸਾ ਜੁੜੇ ਨਾਲ ਮਜ਼ਦੂਰੀਆਂ ਦੇ,

ਝਿੜਕਾਂ ਸਹਿੰਦਿਆਂ ਕਈ ਸਾਲ ਹੋ ਗਏ।

ਪਏ ਚੀਨ, ਅਫਰੀਕਾ ਦੇ ਵਿਚ ਭੌਂਦੇ,

ਵੱਜਣ ਠੋਕਾਂ ਤੇ ਭੈੜੇ ਹਾਲ ਹੋ ਗਏ।

ਕੀ ਕੁੱਝ ਖੱਟਿਆ ਜੇ ਮਿਰਕਣ ਵਿਚ ਆ ਕੇ,

3 ਗੁਰਬਖਸ਼ ਸਿੰਘ ਬੰਨੋਆਣਾ, *ਕਵਿਤਾਂ ਗ਼ਦਰ ਲਹਿਰ ਦੀ,* ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 2001, ਪੰਨਾ-85.

4 ਗੁਰਬਖਸ਼ ਸਿੰਘ ਬੰਨੋਆਣਾ, *ਕਵਿਤਾਂ ਗ਼ਦਰ ਲਹਿਰ ਦੀ*, ਪੰਨਾ-90.

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਦੇਸ਼ ਛੱਡਿਆਂ ਨੂੰ ਕਈ ਸਾਲ ਹੋ ਗਏ।[5]

ਜਦੋਂ **ਭਾਰਤੀ** ਲੋਕਾਂ ਨੇ ਪਰਾਏ ਮੁਲਕਾਂ ਵਿਚ ਜਾਕੇ ਉਨ੍ਹਾਂ ਦੀ ਸ਼ਾਨੋ ਸ਼ੋਕਤ ਨੂੰ ਵੇਖਿਆ, ਉਨਾਂ ਮੁਲਕਾਂ ਦੀ ਤਰੱਕੀ ਤੇ ਵਿੱਦਿਆਂ ਦੇ ਵਿਕਾਸ ਰਹਿਣ ਸਹਿਣ ਦੇ ਢੰਗ ਤਰੀਕਿਆ ਤੇ ਉਨਾਂ ਦੀ ਚੰਗੀ ਆਰਥਿਕਤਾ ਨੇ ਉਹਨਾਂ ਦੇ ਮਨ ਨੂੰ ਚਕਾਚੋਧ ਕਰ ਦਿੱਤਾ। ਉਨ੍ਹਾਂ ਨੇ ਆਪਣੇ ਮੁਲਕ ਕੀ ਢਹਿੰਦੀ ਕਲਾ ਤੇ ਨਿੱਘਰ ਰਹੀ ਵਿਵਸਥਾ ਦਾ ਟਾਕਰਾ ਕੀਤਾ ਤਾਂ ਉਨ੍ਹਾਂ ਦੇ ਦਿਲ ਵਿਚ ਡੂੰਘਾਂ ਦਰਦ ਭਰ ਜਾਦਾ। ਗਦਰੀ ਕਵੀਆ ਨੇ ਦੇਸ਼ ਵਾਸੀਆਂ ਦੇ ਮਨਾਂ ਵਿਚ ਇਹ ਖਿਆਲ ਭਰਿਆ ਕਿ ਇੰਨਾ ਵੱਡੇ ਫਰਕ ਦਾ ਕਾਰਨ ਉਹਨਾਂ ਦੀ ਗੁਲਾਮੀ ਹੈ।ਇਹ ਗੁਲਾਮੀ ਦਾ ਜੂਲਾ ਗਲੋ ਲਾਹੁਣ ਨਾਲ ਹੀ ਪਰਾਏ ਮੁਲਕਾਂ ਵਿਚ ਉਹਨਾਂ ਦੀ ਇੱਜ਼ਤ ਹੋਵੇਗੀ। ਗਦਰ ਕਵੀਆ ਨੇ ਆਪਣੀ ਕਵਿਤਾ ਰਾਹੀ ਗੁਲਾਮੀ ਨੂੰ ਖਤਮ ਕਰਨ ਲਈ ਭਾਂਰਤੀਆ ਨੂੰ ਵਾਰ-ਵਾਰ ਪ੍ਰੇਰਿਆਂ।[6]

**ਰਾਸ਼ਟਰੀ ਚੇਤਨਤਾ:- ਭਾਰਤ** ਦੇਸ਼ ਦੀ ਮਾੜੀ ਹਾਲਤ ਤੋਂ ਮੁਕਤੀ ਦਿਵਾਉਣ ਦਾ ਇਹੀ ਰਾਹ ਸੀ ਕਿ ਭਾਰਤੀਆ ਵਿੱਚ ਭਾਰਤ ਦੇਸ਼ ਪ੍ਰਤੀ ਦੇਸ਼ ਭਗਤੀ **ਪੈਦਾ ਕੀਤੀ ਜਾਵੇ ਤੇ** ਅੰਗਰੇਜ਼ੀ **ਰਾਜ** ਦੀਆਂ ਵਧੀਕੀਆਂ ਤੋਂ ਉਨ੍ਹਾਂ ਨੂੰ **ਜਾਣੂ ਕਰਵਾਇਆ ਜਾਵੇ।** ਪਹਿਲਾਂ ਉਨ੍ਹਾਂ ਵਿਚ ਰਾਸ਼ਟਰੀ ਚੇਤੰਨਤਾ ਦਾ ਜਗਾਉਣਾ ਮੁੱਖ ਕਾਰਜ ਸੀ। ਦੇਸ਼ਵਾਸੀਆ ਨੂੰ ਫਿਰੰਗੀ ਦੀ ਲੁੱਟ ਖਸੁੱਟ ਦੀ ਨੀਤੀ ਤੋਂ ਜਾਣੂ ਕਰਵਾ ਕੇ ਉਹਨਾਂ ਵਿੱਚ ਰਾਜਨੀਤਿਕ ਸੂਝ ਬੂਝ ਪੈਦਾ ਕਰਨਾ ਸੀ। ਗੁਲਾਮੀ ਦੀ ਲਾਹਣਤਾ ਕਾਰਣ ਅੰਗਰੇਜੀ ਸਰਕਾਰ ਦਾ ਰਾਜ ਪਸਰ ਰਿਹਾ ਹੈ।[7] ਵਿਦੇਸ਼ੀ**ਆਂ** ਦੁਆਰਾ ਕੀਤੀ ਜਾ ਰਹੀ ਲੁੱਟ ਖਸੁੱਟ ਨੇ ਭਾਰਤ ਦੇ ਆਰਥਿਕ ਢਾਂਚੇ ਤੇ ਡੂੰਘੀ ਸੱਟ ਮਾਰੀ ਹੈ। ਭਾਰਤ ਤੋਂ ਕੱਚਾ ਮਾਲ ਸਸਤੇ ਰੇਟ ਤੇ ਲੈ ਕੇ ਇੰਗਲੈਂਡ ਦੀਆਂ ਫੈਕਟਰੀਆ ਵਿੱਚ ਤਿਆਰ ਮਾਲ ਨੂੰ ਵੇਚਣ ਲਈ ਭਾਰਤ ਨੂੰ ਮੰਡੀ ਵਜੋਂ ਵਰਤਿਆ ਜਾਂਦਾ ਸੀ। ਇਸ ਤਰ੍ਹਾ ਭਾਰਤੀਆ ਦੇ ਖੂਨ ਪਸੀਨੇ ਦੀ ਕਮਾਈ ਕੌਡੀਆ ਦੇ ਭਾਅ ਵੇਚੀ ਜਾ ਰਹੀ ਸੀ।[8] ਗਦਰੀ ਕਵੀਆਂ **ਨੇ** ਭਾਰਤੀ ਲੌਕਾਂ ਨੂੰ ਅੰਗਰੇਜ਼ਾ ਦੁਆਰਾਂ ਉਹਨਾਂ ਦੀ ਕੀਤੀ ਜਾ ਰਹੀ **ਲੁੱਟ** ਖਸੁੱਟ ਨੂੰ ਨੰਗਾ ਕਰਕੇ **ਓਹਨਾ** ਵਿਚ ਰਾਸ਼ਟਰੀ ਚੇਤਨੰਤਾ ਪੈਦਾ ਕਰਨ ਦਾ ਯਤਨ ਕੀਤਾ ਅਤੇ ਭਾਰਤੀ ਲੌਕਾਂ ਨੂੰ ਹਲੂਣਾ ਦੇ ਕੇ **ਜਗਾਉਣ** ਦੀ ਕੋਸ਼ਿਸ਼ ਕੀਤੀ ਕਿ ਫਿਰੰਗੀ ਕਿਵੇਂ ਉਹਨ੍ਹਾਂ ਨੂੰ ਦੋਹੀ ਹੱਥੀ ਲੁੱਟ ਰਿਹਾ ਹੈ। ਭਾਰਤੀ ਲੁੱਟ ਖਸੁੱਟ ਦਾ ਵਰਣਨ ਗਦਰ ਕਵਿਤਾਵਾਂ ਵਿੱਚ ਇਸ ਤਰ੍ਹਾਂ ਕੀਤਾ ਗਿਆ

"ਹਿੰਦ ਲੁੱਟ ਫਰੰਗੀਆਂ ਚੌੜ ਕੀਤਾ,
ਦੁਨੀਆ ਦੇਖ ਕੇ ਹੋਈ ਹੈਰਾਨ ਲੋਕੋ,
ਪੈਸਾ ਸੂਤ, ਸਾਰਾ ਹਿੰਦ ਦੇਸ਼ ਵਾਲਾ,
ਇੰਗਲੈਂਡ ਦੇ ਵਿੱਚ ਲੈ ਜਾਨ ਲੋਕੋ।
ਲੁੱਟੀ ਲਈ ਜਾਂਦੇ ਦਿਨ ਰਾਤ ਡਾਕੂ
ਭੁੱਖੇ ਮਰਨ ਗਰੀਬ ਕਿਰਸਾਨ ਲੋਕੋ।[9]

**ਅੰਗਰੇਜ** ਭਾਰਤ ਨੂੰ ਹਰ ਇੱਕ ਤਰੀਕੇ ਨਾਲ ਲੁੱਟ ਰਹੇ ਸਨ। ਉਹ ਭਾਰਤ ਤੋਂ ਟੈਕਸ ਤੇ ਹੋਰ ਸਾਰੇ ਤਰੀਕਿਆਂ ਨਾਲ ਭਾਰਤ ਦਾ ਪੈਸਾ ਇੰਗਲੈਂਡ ਭੇਜ ਦਿੰਦੇ। **ਓਹ** ਭਾਰਤੀਆਂ ਦਾ ਖੂਨ ਜੌਕਾਂ ਵਾਂਗੂ ਚੂਸਦੇ । ਉਸ ਦੇ ਪ੍ਰਬੰਧ ਵਿੱਚ ਸਾਰੇ ਉੱਚੇ ਅਹੁਦੇ ਉਨ੍ਹਾ ਆਪਣੇ ਪਾਸ ਹੀ ਜੀਵਨ ਬਤੀਤ ਕਰਦੇ ਐਸ਼ੋ-ਅਰਾਮ ਦਾ ਜੀਵਨ ਬਤੀਤ ਕਰਦੇ ਸਨ। ਭਾਰਤੀ ਜੋ ਆਪਣੇ ਹੀ ਮੁਲਕ ਵਿਚ ਭੁੱਖ ਨਾਲ ਵਿਲਕਦੀ, ਤੜਫਦੇ, ਬਾਹਰੋਂ ਆਏ ਫਰੰਗੀ ਘਰ ਵਾਲੇ ਬਣ ਕੇ ਬੈਠ ਗਏ।ਗਦਰੀ ਕਵੀ**ਆਂ** ਨੇ ਭਾਂਰਤੀਆ ਨੂੰ ਸੁਚੇਤ

5 ਗੁਰਬਖਸ਼ ਸਿੰਘ ਬੰਨੋਆਣਾ, *ਕਵਿਤਾਂ ਗ਼ਦਰ ਲਹਿਰ ਦੀ*, ਪੰਨਾ-100.

6 ਕਿਰਪਾਲ ਸਿੰਘ ਕਸੇਲ, *ਗਦਰ ਲਹਿਰ ਦੀ ਵਾਰਤਕ*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 2008, ਪੰਨਾ-155.

7 ਕੇਸਰ ਸਿੰਘ ਨਾਵਲਕਾਰ, *ਗਦਰ ਲਹਿਰ ਦੀ ਕਵਿਤਾ*, ਪੰਨਾ-144.

8 ਗੁਰਬਖਸ਼ ਸਿੰਘ ਬੰਨੋਆਣਾ, *ਕਵਿਤਾਂ ਗ਼ਦਰ ਲਹਿਰ ਦੀ*, ਪੰਨਾ-101

9 ਗੁਰਬਖਸ਼ ਸਿੰਘ ਬੰਨੋਆਣਾ, *ਕਵਿਤਾਂ ਗ਼ਦਰ ਲਹਿਰ ਦੀ*, ਪੰਨਾ-94.

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਕਰਦੇ ਕੀ ਇੱਕ ਜੁੱਟ ਹੋ ਕੇ ਹੀ ਫਰੰਗੀ ਨੂੰ ਭਾਰਤ ਤੋਂ ਬਾਹਰ ਕੱਢ ਜਾ ਸਕਦਾ ਹੈ। ਗਦਰੀ ਕਵੀ**ਆਂ** ਦਾ ਇਹ ਖਿਆਲ ਸੀ ਕਿ ਜਿਨ੍ਹਾ ਚਿਰ ਭਾਰਤੀ ਕੋਮ ਆਪਣੇ ਆਪ ਨੂੰ ਮਜਬੂਤ ਕਰਕੇ ਫਿਰੰਗੀ**ਆਂ** ਨਾਲ ਆਢਾ ਨਹੀਂ ਲੈਦੀ ਉੱਨਾ ਚਿਰ ਰਾਸ਼ਟਰੀ ਚੇਤੰਨਤਾ ਦਾ ਪੈਦਾ ਹੋਣ ਕਠਨ ਕੰਮ ਸੀ। ਭਾਰਤੀ**ਆਂ** ਵਿੱਚ ਤਰੇੜਾਂ ਤਾਂ ਸਨ। ਪਰ ਬਰਤਾਨਵੀ ਸਰਕਾਰ ਆਪਣੇ ਤਰੀਕਿਆਂ ਨਾਲ ਹੋਰ ਵਾਧਾ ਦਿੰਦੀ। ਤਾਂ ਜੋ ਉਹ ਇਸ ਦਾ ਪੂਰਾ ਲਾਹਾ ਲੈ ਸਕਣਾ ਤੇ ਆਪਣੇ ਸਾਮਰਾਜ ਨੂੰ ਚੱਲਦਾ ਰੱਖਣ ਲਈ ਭਾਰਤੀ ਕੌਮ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ। ਭਾਰਤ ਨੂੰ ਆਜ਼ਦ ਕਰਾਉਣ ਤੋਂ ਬਿਨਾਂ ਇਸ ਫੁੱਟ ਨੂੰ ਦੂਰ ਨਹੀ ਕੀਤਾ ਜਾ ਸਕਦਾ ਸੀ ।ਜਿੱਥੇ ਗਦਰੀ ਕਵੀਆਂ ਨੇ ਭਾਰਤ ਦੀ ਸਾਝੀ ਕੌਮੀ ਪਰੰਪਰਾ ਦੀ ਗੱਲ ਕੀਤੀ ।ਉਥੇ ਭਾਰਤ ਦੀ ਵੱਖ-ਵੱਖ ਕੌਮਾਂ ਦੇ ਧਰਮ, ਕਦਰਾਂ ਕੀਮਤਾਂ ਨੂੰ ਰੱਜ ਰੰਜ ਕੇ ਸਲਾਹਿਆਂ ਹੈ। ਭਾਂਵੇਂ ਗਦਰੀ ਕਵੀਆਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਵਿਤਕਰਿਆ ਦਾ ਗਿਆਨ ਤਾਂ ਸੀ। ਪਰ ਉਹ ਚਾਹੁੰਦੇ ਸਨ। ਕਿ ਸਾਰੇ ਆਪਣੇ ਮਤਭੇਦ ਭੁਲਾ ਕੇ ਇੱਕਠੇ ਹੋ ਜਾਣ । ਇਸ ਲਈ ਉਨ੍ਹਾਂ ਨੇ ਸਾਰੀਆਂ ਪੁਰਾਤਨ ਪਰੰਪਰਾਵਾਂ ਇਤਿਹਾਸਕ ਕਾਰਨਾਮਿਆਂ, ਤੇ ਕੁਰਬਾਨੀਆਂ ਦੀਆਂ ਮਿਸਲਾਂ ਦੇ ਕੇ ਉਹਨ੍ਹਾਂ ਵਿਚ ਮੋਹ ਪੈਦਾ ਕਰਕੇ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਣ ਲਈ ਵੀ ਪ੍ਰੇਰਨਾਂ ਦਿੱਤੀ ਹੈ। ਗਦਰੀ ਕਵੀ**ਆਂ** ਵਲੋਂ ਭਾਰਤੀ ਲੋਕਾਂ ਵਿੱਚ ਪੈਦਾ ਕੀਤਾ ਸਵੈਮਾਨ ਹੀ ਸੀ ਜਿਸ ਨੇ ਉਨ੍ਹਾਂ ਵਿੱਚ ਦੇਸ਼ ਭਗਤੀ ਦੀ ਭਾਵਨਾਂ ਭੜਕਾ ਦਿੱਤੀ ਤੇ ਉਹ ਭਾਰਤ ਵਾਸਤੇ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਗਏ।

ਗਦਰੀ ਕਵੀਆਂ ਦਾ ਖਿਆਲ ਸੀ ਕਿ ਲੋਕ**ਾਂ** ਦੇ ਆਪਸੀ ਝਗੜੇ ਨਾਲ ਕੌਮ ਨੂੰ ਭਾਰੀ ਸੱਟ ਵੱਜਦੀ ਹੈ ਤੇ ਫਿਰੰਗੀ ਇਸ ਦਾ ਨਾਜਾਇਜ ਲਾਭ ਉਠਾ ਕੇ ਕੌਮੀ ਏਕਤਾ ਦੀਆਂ ਜੜ੍ਹਾਂ ਖੋਖਲੀਆਂ ਕਰਦਾ ਹੈ।ਗਦਰੀ ਕ**ਵੀਆਂ** ਨੇ ਭਾਰਤੀਆ **ਕਿਆ** ਕਿ ਤੁਸੀਂ ਸਾਰੇ ਹਿੰਦੂ, ਸਿੱਖ ਮੁਸਲਮਾਨ, ਭਾਰਤ ਕੋਮੀਅਤ ਦੀਆਂ ਹੀ ਸਾਖਾ ਹਨ। ਤੁਸੀ ਸਾਰੇ ਭਾਰਤ ਮਾਤਾ ਦੇ ਬੱਚੇ ਹੋ। ਇਸ ਫੁੱਝ ਨੇ ਤੁਹਾਡਾ ਬੁਰਾ ਹਾਲ ਕਰ ਦਿੱਦਾ **ਹੈ। ਇਸ** ਸਮੇਂ ਭਾਰਤ ਮਾਤਾ ਤੇ ਬਿਪਤਾ ਪਈ ਹੋਈ। ਤਹਾਨੂੰ ਸਾਰੇ ਨੂੰ ਇੱਕਠੇ ਹੋ ਕੇ ਭਾਂਰਤ ਮਾਤਾ ਦੀ ਇਜ਼ਤ ਬਚਾਉਣੀ ਚਾਹੀਦੀ ਹੈ। ਪਰਦੇਸ਼ਾ ਵਿੱਚ ਗਏ ਹੋਏ ਲੋਕ ਜਾਂਦਾ ਸਿੱਖ ਹੀ ਸਨ ਤੇ ਉਨ੍ਹਾਂ ਨੂੰ ਹੀ ਸੰਬੋਧਨ ਕੀਤਾ ਗਿਆ **ਹੈ** ਪਰ ਇਸ ਦੀ ਅੰਤਰ ਆਤਮਾ ਦਾ ਸੰਦੇਸ਼ ਕੌਮੀ ਭਾਵਨ ਵਾਲਾ ਹੈ।

"ਹਿੰਦੂ ਮਮਨੋ ਮੁਗਲ ਪਠਾਣ ਮਿਲ ਕੇ ,
ਬੇੜਾ ਦਿਉ ਫਰੰਗੀਆ ਗਾਲ ਸਿੰਘੋ।
ਅਸਾਂ ਸਾਰਿਆ ਵਿੱਚ ਨਾ ਫਰਕ ਕੋਈ,
ਹਿੰਦ ਮਾਤਾ ਦੇ ਸਭੀ ਹਾਂ ਲਾਲ ਸਿੰਘੋ।
ਭਬਕ ਮਾਰ ਕੇ ਸ਼ੇਰ ਮੈਦਾਨ ਗੱਜੇ,
ਨਹੀਂ ਤਾ ਹੋ ਜਾਉ ਗਰਕ ਪਤਾਲ ਸਿੰਘੋਂ
ਓਏ ਗਾਫਲੋ ਕਦੇ ਤਾਂ ਸੋਚ ਕਰੋ"[10]

ਗਦਰ ਲਹਿਰ ਦੇ ਕਵੀਆਂ ਦਾ ਮੁੱਖ ਮੱਹਤਵ ਭਾਰਤੀ ਲੋਕਾਂ ਵਿੱਚ ਰਾਸ਼ਟਰੀ ਚੇਤੰਨਤਾ ਪੈਦਾ **ਕਰਨਾ ਅਤੇ ਲੋਕਾਂ ਨੂੰ ਭਾਰਤ ਵਿਚ ਅੰਗਰੇਜ਼ੀ ਸਰਕਾਰ ਦੇ ਖਿਲਾਫ਼ ਗਦਰ ਫੈਲਾਉਣ ਲਈ ਪ੍ਰੇਰਤ ਕਰਨਾ**।ਗ਼ਦਰ ਦਾ ਭਾਵ ਸੀ ਵਿਦਰੋਹ ਜਿਹੜਾ ਅੰਗਰੇਜ਼ਾ ਪ੍ਰਤੀ ਦੁਸਮਣੀ ਨੂੰ ਪ੍ਰਗਟ ਕਰਦਾ ਸੀ। ਭਾਵੇਂ ਗਦਰ **ਅੰਦੋਲਨ** ਫੇਲ੍ਹ ਹੋ ਗਿਆ ਸੀ ਤਾਂ ਵੀ ਭਰਤੀਆ ਦੇ ਮਨਾਂ ਅੰਦਰ ਆਪਣੇ ਦੁਸ਼ਮਣ ਅੰਗਰੇਜ਼ਾ ਦੇ **ਖਿਲਾਫ਼** ਇਕ ਮੱਚਦੀ ਚੰਗਿਆੜੀ ਸੁੱਟ ਗਿਆ ਸੀ।ਗ਼ਦਰ ਦੇ ਕਾਰਜ ਨੂੰ ਲਾਲਾ ਹਰਦਿਆਲ ਨੇ ਤਿੰਨ ਧਾਰਾਵਾਂ ਵਿੱਚ ਪੇਸ਼ ਕੀਤਾ ਸੀ। ਪਹਿਲੀ ਵਿੱਚ ਸੰਘਰਸ, ਤੀਜੀ ਸਟੇਜ ਵਿੱਚ ਮੁੜ ਉਸਾਰੀ । ਲਾਲਾ ਹਰਦਿਆਲ ਦਾ ਸਿੱਧਾ ਮਨੋਰਥ ਸੀ ਜੋ ਗ਼ਦਰ ਲਹਿਰ ਦੇ ਸਮੇ ਸਾਹਮਣੇ ਆਇਆਂ।ਗ਼ਦਰੀ ਲੀਡਰ ਅਮਰੀਕਨਾਂ ਦੇ ਲੋਕਤੰਤਰ ਸੁਤੰਤਰਤਾ ਤੇ ਸਮਾਨਤਾ ਦੇ ਸਿਧਾਂਤ ਦੇ ਉਪਾਸ਼ਕ ਸਨ। ਇਨ੍ਹਾਂ ਸੁਨਹਿਰੀ ਸਿਧਾਤਾਂ ਨੇ ਭਾਰਤੀ ਲੋਕਾਂ ਨੂੰ ਅੰਗਰੇਜ਼ਾ **ਤੋਂ** ਅਜ਼ਾਦੀ ਪ੍ਰਾਪਤ ਕਰਨ ਦੇ ਲਈ **ਹਥਿਆਰ**

[10] Bhagat Singh Bilga, *Ghadar Lehar De Angole Varke*, Desh Bhagat Yaadgaar Hall, Jalandhar, 1989, p. 144.

ਬੰਦ ਇਨਕਲਾਬ ਲਈ ਪ੍ਰੇਰਿਆ ਸੀ। **ਓਹਨਾ ਕਿਆ ਸੀ ਕੇ** ਅੰਗਰੇਜ਼ਾ ਨੂੰ ਸ਼ਾਂਤਮਈ **ਤਰੀਕਿਆਂ** ਨਾਲ ਨਹੀ ਕੱਢਿਆ ਜਾ ਸਕਦਾ। ਇਸ ਲਈ ਉਨ੍ਹਾਂ ਨੇ ਦੂਜਾ ਰਾਹ ਫੜਿਆ। ਸ਼ਾਤਮਈ ਦਾ ਰਾਹ ਕਾਇਰਤਾ ਦਾ ਚਿੰਨ੍ਹ ਸਮਝਿਆ ਗਿਆ ਸੀ। ਗ਼ਦਰ ਗੂੰਜ ਦੀ ਕਵਿਤਾਵਾਂ ਰਾਹੀ ਖੁੱਲੀ ਬਗਾਵਤ ਲਈ ਪ੍ਰੇਰਿਆ ਗਿਆ ਹੈ :

ਦੁਖਾਂ ਵਿੱਚ ਜਾਨ ਪਈ ਜੀਵਨਾ ਮੁਹਾਲ ਹੋਇਆ,
ਤੋੜ ਨਹੀ ਸਕਦੇ ਗੁਲਾਮੀ ਵਾਲੀ ਭਾਰ ਨੂੰ।
ਉਡ ਜਾਣ ਦੁੱਖ ਅਤੇ ਭੁੱਖ ਦੇ ਕੜਾਕੇ ਅੱਜ,
ਜੁੱਤੀ ਨਾਲ ਕਢੋ ਜੇ ਫਰੰਗੀ ਸਰਕਾਰ ਨੂੰ।
ਖਿਲੇ ਪਿਆਰਾ ਬਾਗ ਸਾਡਾ ਸਦਾ ਹੀ ਬਸੰਤ ਵਾਂਗੂ,
ਛੇਤੀ ਬਲ ਧਾਰ ਵੀਰੋ ਕਰੋ ਉਪਕਾਰ ਨੂੰ।[11]

ਹਥਿਆਰ ਬੰਦ ਅਜ਼ਾਦੀ ਦੀ ਪ੍ਰਾਪਤੀ ਲਈ ਭਾਰਤੀ **ਫੌਜਾਂ** ਦਾ ਸਹਿਯੋਗ ਬਹੁਤ ਜਰੂਰੀ ਸੀ। ਇਸ ਲਈ ਉਨ੍ਹਾਂ ਨੂੰ ਦੂਜੇ ਦੇਸ਼ਾਂ ਨਾਲ ਲੜਨ ਤੋਂ ਰੋਕਣਾ ਸੀ। ਕਿਉਕਿ **ਅੰਗੇਰਜੀ** ਸਰਕਾਰ ਦੂਜੇ ਦੇਸ਼ਾ ਨੂੰ ਗੁਲਾਮ ਬਣਾਉਣ ਲਈ ਭਾਰਤੀ ਫੋਜਾਂ ਦੀ ਮਦਦ ਲੈਂਦੀ ਸੀ। ਭਾਰਤੀ ਦੂਜੇ ਦੇਸ਼ਾ ਨੂੰ ਗੁਲਾਮ ਬਣਾਉਣ ਵਿਚ ਅੰਗਰੇਜ਼ਾ ਸਰਕਾਰ ਦੀ ਮਦਦ ਕਰਦੇ ਸਨ। ਗ਼ਦਰੀ ਕਵੀਆਂ ਨੇ ਅੰਗਰੇਜ਼ਾਂ ਦੀ ਇਹਨ੍ਹਾਂ ਚਾਲਾਂ **ਨੂੰ ਲੋਕਾਂ ਸਾਹਮਣੇ** ਪ੍ਰਗਟ ਕੀਤਾ।

ਗਦਰ ਲਹਿਰ ਨੂੰ ਵਧਾਉਣ ਲਈ ਭਾਰਤੀ ਫੋਜੀ ਛਾਉਣੀਆਂ ਵਿੱਚ ਜਾ ਕੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਬਹੁਤ ਸਾਰਾ **ਕ੍ਰਾਂਤੀਕਾਰੀ** ਸਾਹਿਤ ਵੰਡਿਆ।

ਚੰਗਾ ਵਕਤ ਹੈ ਗਦਰ ਮਚਾਵਣੇ ਦਾ,
ਹਿੰਦੋਸਤਾਨੀਓ ਦੇਰੀਆਂ ਲਾਈਆਂ ਕਿਉਂ।
ਫੋਜਾਂ ਵਾਲਿਓ ਤੁਸਾਂ ਦੀ ਮੱਤ ਮਾਰੀ,
ਲੋਕਾਂ ਵਾਸਤੇ ਕਰੋਂ ਲੜਾਂਈਆਂ ਕਿਉ।
ਵੈਰੀ ਤੁਸਾਂ ਦਾ ਘੇਰਿਆਂ ਵਿੱਚ ਯੂਰਪ,
ਵੇਲਾ ਸਾਂਭ ਲਓ ਢੇਰੀਆਂ ਢਾਈਆਂ ਕਿਉ।

ਜੁਲਾਈ 1914 ਵਿੱਚ ਯੂਰਪ ਵਿੱਚ ਯੁੱਧ ਛਿੜ ਪਿਆਂ ਸੀ **ਤਾਂ** ਭਾਰਤੀ ਫੋਜਾਂ ਨੂੰ ਯੂਰਪ ਵਿੱਚ ਲੜਨ ਲਈ ਭੇਜ ਦਿੱਤਾ **ਗਿਆ**। ਗ਼ਦਰੀ ਲੀਡਰ ਇਸ ਮੋਕੇ ਤੋਂ ਲਾਭ ਪ੍ਰਾਪਤ ਕਰਨਾ ਚਾਹੁੰਦੇ ਸਨ ਕਿਉਕਿ ਫਰੰਗੀ ਬੁਰੀ ਤਰ੍ਹਾਂ ਫਸੇ ਹੋਏ ਸੀ। ਹੁਣ ਦੁਸ਼ਮਣ ਨੂੰ ਮਾਰਨ ਦਾ ਸੁਨਹਿਰੀ ਮੋਕਾ ਸੀ। ਗਦਰੀ ਕਵੀਆਂ ਨੇ ਲੋਕਾਂ ਨੂੰ ਦਲੇਰੀ ਭਰੀ ਅਪੀਲ ਕੀਤੀ

ਦੁਸਮਣ ਸਾਡਾ ਯੂਰਪ ਵਿੱਚ ਫਸਿਆਂ ਫਾਹੀ ਡਾਢੀ ਹੈ,
ਜਰਮਨ ਸ਼ੇਰ ਖੜਾ ਹੈ ਘੇਰੀ ਹੁਣ ਤਾ ਢਿਲ ਅਸਾਡੀ ਹੈ।
ਅਗੇ ਜਿੱਤ ਹਮੇਸ਼ਾ ਕਰਦਾ ਹੁਣ ਤਾ ਸਾਲਮ ਫਾਡੀ ਹੈ,
ਛੇਤੀ ਹਿੰਮਤ ਕਰੋ ਹਿੰਦੀਓ ਹੁਣ ਤਾਂ ਕਸਰ ਤੁਹਾਡੀ ਹੈ।

11 ਕੇਸਰ ਸਿੰਘ ਨਾਵਲਕਾਰ, *ਗਦਰ ਲਹਿਰ ਦੀ ਕਵਿਤਾ*, ਪੰਨਾ-148.

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਗਦਰੀ ਕਵੀਆਂ ਨੇ ਪ੍ਰਚਾਰ ਕੀਤਾ ਕੀ ਫਰੰਗੀ ਉਹਨਾਂ ਦਾ **ਲਹੂ** ਨਿਚੋੜ ਰਿਹਾ ਹੈ। ਇਹਨਾਂ ਤੋਂ ਖਹਿੜਾ ਛਡਾਉਣਾਂ ਭਾਰਤੀਆਂ ਦਾ ਧਾਰਮਿਕ ਫਰਜ਼ ਹੈ। ਤੁਹਾਨੂੰ ਇਹ ਮੋਕਾ ਹੁਣ ਆਪਣੇ ਹੱਥੋ ਨਹੀਂ ਗਵਾਉਣਾ ਚਾਹੀਦਾ।

**ਭਾਵਨਾਵਾਂ ਦਾ ਜੋਸ਼** :- ਗ਼ਦਰੀ ਕਵੀਆਂ ਦਾ ਉੱਤਮ ਫਰਜ਼ ਭਾਰਤ ਦੇ ਲੋਕਾਂ ਵਿੱਚ ਚੇਤੰਨਤਾ ਪੈਦਾਂ ਕਰਨੀ ਤੇ ਦੇਸ਼ ਦੀ ਖਾਤਰ ਮਰਨ ਮਿਟਣ ਲਈ ਭਾਵਨਾ ਪੈਦਾ ਕਰਨਾ ਸੀ। ਗ਼ਦਰ ਦੀ ਭਾਵਨਾ ਪੈਦਾ ਕਰਨ ਲਈ ਜਿਥੇ ਜਾਗੇ ਹੋਏ **ਹੋਣ** ਦੀ ਲੋੜ ਸੀ, ਉੱਥੇ ਮਾਨਸਿਕ ਤੋਰ ਤੇ ਵੀ ਤਿਆਰੀ ਵੀ ਜ਼ਰੂਰੀ ਸੀ। ਵਿਸ਼ੇਸ ਕਰਕੇ ਭਾਰਤੀ ਲੋਕਾਂ ਵਿੱਚ ਭਨ, ਮਨ, ਧਨ ਦੀ ਕੁਰਬਾਨੀ ਦਾ ਜਜ਼ਬਾ ਵੀ ਪੈਂਦਾ ਕਰਨਾ ਸੀ। ਲੜਾਈ ਦੇ ਸਮੇਂ **ਤਿਆਰੀ** ਦੀ ਵੀ ਲੋੜ ਸੀ। ਕਿਉਂਕਿ ਅਜ਼ਾਦੀ **ਲਈ** ਹਥਿਆਰ ਪ੍ਰਾਪਤ ਕਰਨ ਲਈ ਧੰਨ ਦੀ ਲੋੜ ਸੀ। ਗ਼ਦਰੀ ਕਵੀਆਂ ਨੇ ਜਿਥੇ ਹਰ ਤਰ੍ਹਾਂ ਦੀ ਕੁਰਬਾਨੀ ਤੇ ਜੋਰ ਦਿੱਤਾ। ਉੱਥੇ ਧੰਨ ਦੇ ਲਈ ਵੀ **ਹੇਠ ਲਿਖੀਆਂ ਸਤਰਾਂ ਰਾਹੀਂ** ਲੋਕਾਂ ਨੂੰ ਅਪੀਲ ਕੀਤੀ।

ਸੇਵਾ ਮੁਲਕ ਦੀ ਕਰਨ ਦੇ ਢੰਗ ਲੱਖਾਂ,
ਸੇਵਾ ਕਰੋ ਜਤਲੋਣ ਦੀ ਲੋੜ ਕੀ ਏ।
ਬਸ ਕਰੋ ਹਿੰਮਤ ਕਾਰਜ ਜਲਦ ਕਰੀਏ,
ਬਾਰ ਬਾਰ ਦੁਹਰਾਣ ਦੀ ਲੋੜ ਕੀ ਏ।

ਸਭ ਤੋਂ ਔਖਾ ਕੰਮ ਗਦਰ ਪ੍ਰੇਮੀਆ ਦੇ ਮਨੋਬਲ ਨੂੰ ਉੱਚਾ ਕਰਨ ਤੇ ਉਨ੍ਹਾਂ ਦੇ ਮਨ ਨੂੰ ਮਾਨਸਿਕ ਰੂਪ ਵਿਚ ਤਿਆਰ ਕਰਨਾ **ਸੀ** । ਗਦਰੀ ਕਵੀਆ ਨੇ ਗਦਰ ਦੇ ਪ੍ਰੇਮੀਆ ਨੂੰ ਦੁੱਖਾਂ ਤੇ ਮੁਸੀਬਤਾਂ ਨੂੰ ਸਹਿਣ ਲਈ ਪਹਿਲੇ ਹੀ ਤਿਆਰ ਕੀਤਾ। ਉਨ੍ਹਾ ਨੂੰ ਆਉਣ ਵਾਲੀ ਮੁਸੀਬਤਾ ਦੀ ਝਾਕੀ ਪੇਸ਼ ਕਰਕੇ ਉਨ੍ਹਾਂ ਦੇ ਮਨ੍ਹਾਂ ਨੂੰ ਆਤਮਿਕ ਬੁੰਲਦੀ ਤੇ ਪਹੁੰਚਾਉਣ ਵਿਚ ਕਵਿਤਾ ਨੇ ਮਹੱਤਵਪੂਰਨ ਰੋਲ ਨਿਭਾਇਆਂ। ਗਦਰ ਪ੍ਰੇਮੀਆ ਦੀ ਮਾਨਸਿਕ ਤਿਆਰੀ ਕਰਕੇ ਉਨ੍ਹਾਂ ਨੂੰ ਸ਼ਹਾਦਤ ਦੀ ਉੱਚੀ ਟੀਸੀ ਤੇ ਪਹੁੰਚਾਉਣ ਵਿੱਚ ਗਦਰੀ ਕਵੀਅ ਨੇ ਹਿੱਕ ਬੜਾ ਮਹਾਨ ਕੰਮ ਕੀਤਾ।

ਹਿੰਦੋਸਤਾਨੀਓ ਰਖਣਾ ਯਾਦ ਸਾਨੂੰ
ਕਿਤੇ ਦਿਲ ਤੋਂ ਨਹੀ ਭੁਲਾ ਜਾਣਾਂ।
ਖਾਤਰ ਵਤਨ ਦੀ ਚੜ੍ਹੇ ਹਾਂ ਅਸੀ ਫਾਂਸੀ,
ਦੇਖ ਅਸਾ ਨੂੰ ਨਹੀ ਘਬਰਾ ਜਾਣਾ।
ਦੇਸ਼ ਵਾਸੀਉ ਚਮਕਿਉ ਚੰਦ ਵਾਂਗੂੰ,
ਕਿਤੇ ਬੱਦਲੀਆ ਹੇਠ ਨਾ ਆ ਜਾਣ।
ਬਣ ਕੇ ਫੁੱਲ ਆਜ਼ਾਦੀ ਦਾ ਟਹਿਕ ਪੈਣਾ,
ਜੁਲਮ ਨਾਲ ਨਾ ਕਿਤੇ ਕੁਮਲਾ ਜਾਣਾ।[12]

ਪਹਿਲਾ ਵਿਸ਼ਵ ਯੁੱਧ ਜਦੋਂ ਸਰਕਾਰ ਪਹਿਲੇ ਵਿਸ਼ਵ ਯੁੱਧ ਸਮੇਂ ਤੇ ਗਦਰ ਲਹਿਰ ਸਿੱਖਾਂ ਨੂੰ ਅੰਗਰੇਜ਼ਾਂ ਫੋਜ਼ ਵਿਚ ਸ਼ਾਮਿਲ ਕਰਨ ਵਿਚ ਰੁਝ ਪਈ ਸੀ। ਤਾਂ 'ਗਦਰ' ਅਖਬਾਰ ਰਾਹੀ ਕਵੀ ਨੇ ਭਾਰਤੀ ਲੋਕਾਂ ਨੂੰ ਅਪੀਲ ਕੀਤੀ। ਕੀ ਅੰਗਰੇਜਾਂ ਦੀਆਂ ਫੋਜ਼ਾਂ ਵਿਚ ਭਰਤੀ ਹੋ ਕੇ ਲੜਨ ਦੀ ਥਾਂ ਆਪਣੇ ਦੇਸ਼ ਦੀ ਖਾਤਰ ਲੜਨ ਲਈ ਪ੍ਰੇਰਿਆ,

12 ਕੇਸਰ ਸਿੰਘ ਨਾਵਲਕਾਰ, *ਗਦਰ ਲਹਿਰ ਦੀ ਕਵਿਤਾ*, ਪੰਨਾ-154.

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਜਿਵੇਂ:-

ਲੜੋ ਦੇਸ਼ ਲਈ ਮਾਰੋ ਗੋਰਿਆਂ ਨੂੰ,
ਫੋਜੀ ਸਿੱਖ, ਹਿੰਦੂ, ਮੁਸਲਮਾਨ ਵੀਰੋ।

ਗਦਰੀਆਂ ਨੇ ਪੰਜਾਬੀਆਂ ਨੂੰ ਕਿਹਾ ਕਿ ਉਹ ਆਪਣੀ ਸ਼ਕਤੀ ਨਾਲ ਅੰਗਰੇਜ਼ਾਂ ਨੂੰ ਬਾਹਰ ਕੱਢ ਹੱਥ ਜੋੜ ਕੇ ਉਹਨਾਂ ਨੂੰ ਉਹਨਾਂ ਦੇ ਹੱਕ ਨਹੀਂ ਮਿਲਣੇ ਜਿਸ ਬਾਰੇ ਕਵੀ ਲਿਖਦੇ ਹਨ:

ਨਾਲ ਮਿੰਨਤਾਂ ਨਹੀਂ ਹੱਕ ਮਿਲਣ ਲਗੇ,
ਆਓ ਹੱਕ ਲਈਏ ਹੱਕਦਾਰ ਵਾਂਗੂ।[13]

ਭਾਰਤੀਆਂ ਨੂੰ ਅਣਖ ਦੀ ਜਿੰਦਗੀ ਜਿਉਣ ਦਾ ਇਹ ਸੁਨੇਹਾ ਉਹਨਾਂ ਨੂੰ ਵੱਡੀਆਂ ਵੱਡੀਆਂ ਕੁਰਬਾਨੀਆਂ ਕਰਨ ਲਈ ਤਿਆਰ ਕਰਦਾ ਹੈ। ਗਦਰ ਲਹਿਰ ਵਿਚ ਰਾਸ਼ਟਰੀ ਭਾਸ਼ਾ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਕਿਉਂਕਿ ਰਾਸ਼ਟਰੀ ਭਾਸ਼ਾ ਹੀ ਰਾਸ਼ਟਰੀ ਜਜਬਿਆਂ ਨੂੰ ਉਭਾਰਦੀ ਹੈ। ਭਾਵੇਂ ਗਦਰ ਲਹਿਰ ਅਸਫਲ ਹੋਈ ਪਰ ਇਸ ਦਾ ਪ੍ਰਭਾਵ 1947 ਤੱਕ ਪੈਂਦਾ ਰਿਹਾ। ਇਸ ਲਹਿਰ ਦੇ ਸਿੱਟੇ ਵਜੋਂ 64 ਗਦਰੀਏ ਫਾਂਸੀ ਲੱਗੇ 101 ਨੂੰ ਗੋਲੀ ਨਾਲ ਉਡਾਇਆ ਗਿਆ ਅਤੇ 316 ਵਿਅਕਤੀਆਂ ਨੂੰ ਉਮਰ ਕੈਦ ਹੋਈ ਅਤੇ ਸੈਂਕੜਿਆਂ ਨੂੰ ਵੱਖ-ਵੱਖ ਕੈਦ ਹਇਆਂ। ਇਸ ਲਹਿਰ ਦੇ ਜਜਬੇ ਵਿਚੋਂ ਹੀ ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤੀ ਸਭਾ ਅਤੇ ਕਿਰਤੀ ਲਹਿਰ ਨੇ ਜਨਮ ਲਿਆ। ਭਾਰਤ ਵਿਚ ਗਦਰ ਲਹਿਰ ਸਮੱਚੇ ਭਾਰਤੀਆਂ ਦੀ ਪਹਿਲੀ ਰਾਸ਼ਟਰੀ ਲਹਿਰ ਸੀ। ਜਿਸ ਦਾ ਉਦੇਸ਼ ਸੱਚੇ ਅਰਥਾਂ ਵਿਚ ਰਾਸ਼ਟਰੀ ਏਕਤਾ ਸੀ। ਭਾਰਤ ਵਿਚ ਇਹੀ ਧਰਮ ਨਿਰਪੇਖ ਲਹਿਰ ਸੀ। ਜਿਸ ਵਿਚ ਸਾਰੇ ਧਰਮਾਂ, ਜਾਤਾਂ, ਪ੍ਰਾਂਤਾਂ ਆਦਿ ਦੇ ਲੋਕਾਂ ਨੇ ਸਭ ਭੇਦ ਭਾਵ ਮਿਟਾ ਕੇ ਹਿੱਸਾ ਲਿਆ। ਗਦਰ ਭਾਂਵੇ ਫੇਲ ਹੋ ਗਿਆ ਪਰ ਇਸ ਦੀ ਗੂੰਝ ਪੈਂਦੀ ਰਹੇ ਅਤੇ ਰਾਸ਼ਟਰੀ ਏਕਤਾ ਦਾ ਸੰਦੇਸ਼ ਗੂੰਜਦਾ ਰਿਹਾ।[14]

**ਸਿੱਟਾ**: ਗਦਰ ਲਹਿਰ ਨੂੰ ਵਧਾਉਣ ਵਿਚ **ਇਸ ਦੀ** ਕਵਿਤਾ ਨੇ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ **ਅਤੇ** ਲੋਕਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕੀਤਾ। **ਭਾਰਤ** ਦੇਸ਼ ਨੂੰ ਅੰਗਰੇਜਾਂ ਦੀ ਗੁਲਾਮੀ ਤੋਂ ਅਜਾਦ ਕਰਵਾਉਣ ਦੇ ਲਈ **ਲੋਕਾਂ ਨੂੰ** ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਭਾਰਤ ਵਿਚ ਇਹ ਇਕ ਪਹਿਲੀ ਲਹਿਰ ਸੀ ਜਿਸ ਨੇ ਲੋਕਾਂ ਨੂੰ **ਇਹ ਅਹਸਾਸ ਕਰਵਾਇਆ ਕੇ** ਉਹਨਾਂ ਦੇ ਦੁੱਖਾਂ ਦਾ ਕਾਰਨ ਗੁਲਾਮੀ **ਹੈ।** ਇਸ ਗੁਲਾਮੀ ਦੇ ਕਾਰਨ ਉਹਨਾਂ ਨਾਂਲ ਵਿਦੇਸ਼ਾਂ ਵਿਚ ਭੈੜਾ ਸਲੂਕ ਕੀਤਾ ਜ਼ਾਦਾ ਹੈ। ਉਹਨਾਂ ਨੂੰ ਅਪਮਾਨ ਭਰੇ ਸ਼ਬਦ ਸੁਣਨੇ ਪੈਦੇਂ ਹਨ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਥਾ-ਥਾਂ ਧੱਕੇ ਖਾਣੇ ਪੈ ਰਹੀ ਹਨ। ਇਹ ਸਾਰੇ ਦੁੱਖਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਸਾਨੂੰ ਆਪਣੇ ਸਾਰੇ ਲੜਾਈ ਝਗੜੇ ਤੇ ਮੱਤ ਭੇਦ ਭੁੱਲ ਕੇ ਆਪਸ ਵਿਚ ਇਕ ਜੁੱਟ ਹੋ ਕੇ ਦੇਸ਼ ਖਾਤਰ ਵੱਧ ਚੜ੍ਹ ਕੇ ਕੁਰਬਾਨੀਆਂ ਦੇਣ ਲਈ ਤਿਆਰ ਰਹਿਣ ਚਾਹੀਦਾ ਹੈ। **ਆਪਣੇ ਦੇਸ਼** ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾ ਕੇ ਹੀ ਅਸੀ ਇੱਜਤ ਤੇ ਅਣਖ ਭਰੀ ਜਿੰਦਗੀ ਜਿਉਂ ਸਕਦੇ ਹਾਂ। ਇਸ ਤਰ੍ਹਾਂ ਗਦਰੀ ਕਵੀਆਂ ਨੇ ਆਪਣਾ ਸਮੁੱਚਾ ਜੀਵਨ ਗਦਰ ਲਹਿਰ ਨੂੰ ਵਧਾਉਣ ਵਿਚ **ਹੀ** ਲਾ ਦਿੱਤਾ**।** ਇਸ ਕਵਿਤਾ ਨੇ ਭਾਰਤੀ ਕੌਮ ਵਿਚ ਲਟ ਲਟ ਬਲਦਾ ਜਜਬਾ ਭਰ ਦਿੱਤਾ ਜਿਸ ਨਾਲ ਭਾਂਰਤ ਕੌਮ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਹੋਈ।

## REFERENCES


1. ਭਗਵਾਨ ਸਿੰਘ, *ਗਦਰੀ ਗੂੰਜਾਂ*, ਲਾਹੌਰ ਬੁਕ ਸ਼ੋਪ, ਲੁਧਿਆਣਾ, 2002.
2. ਗੁਰਬਖਸ਼ ਸਿੰਘ, ਬੰਨੋਆਣਾ, *ਕਵਿਤਾ ਗਦਰ ਲਹਿਰ ਦੀ*, ਦੇਸ਼ ਭਗਤ ਯਾਦਗਰ ਕਮੇਟੀ, ਜਲੰਧਰ, 2001।
3. Khushwant Singh, *A History of the Sikhs (1839-1974)*, Vol II, Oxford University Press, Delhi, 1996.
4. ਕੇਸਰ ਸਿੰਘ ਨਾਵਲਕਾਰ, *ਗਦਰ ਲਹਿਰ ਦੀ ਕਵਿਤਾ*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 1995.


13 ਕੇਸਰ ਸਿੰਘ ਨਾਵਲਕਾਰ, *ਗਦਰ ਲਹਿਰ ਦੀ ਕਵਿਤਾ*, ਪੰਨਾ-144.

14 J.S. Grewal, H.K. Puri, Indu Banga (eds.), *The Ghadar Movement, Background, Ideology, Action and Legacies*, Punjabi, University, Patiala, 2013.

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India


5. ਕਿਰਪਾਲ ਸਿੰਘ ਕਸੇਲ, *ਗਦਰ ਲਹਿਰ ਦੀ ਵਾਰਤਕ*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 2008.
6. Sohan Singh Josh, *Hindustan Ghadar Party: A Short History*, People's Publishing House, New Delhi, 1977.
7. G.S Deol, *The Role of Ghadar Party in the National Movement*, Sterling Publisers, Delhi, 1969.
8. Bhagat Singh Bilga, *Ghadar Lehar De Angole Varke*, DBYH, Jalandhar, 1989.
9. Bipin Chandra, *India's Struggle for Independence 1857-1947*, Penguin Books, New Delhi, 1989 (First Published 1988).
10. George MacMunn, *Turmoil & Tragedy in India: 1914 and After*, London, N.D.
11. *Home Department, Political B, Proceedings*, GOI, October 1915, File No. 91.
12. N.N. Bhattacharya, "Indian Revolutionaries Abroad 1891-1919", *The Panjab Past Present*, Vol. VIII, October 1974, Punjabi University, Patiala, pp. 351-365.
13. J.S. Grewal, H.K. Puri, Indu Banga (eds.), *The Ghadar Movement, Background, Ideology, Action and Legacies*, Punjabi, University, Patiala, 2013.
14. Michael O' Dwyer, *India As I Knew It 1885-1925*, London, 1925.